# ਇਹ ਹਮਾਰਾ ਜੀਵਨ

1.6.96

ਗੁਰਸ਼ਰਨ ਸਿੰਘ

## ਖੱਬੀ ਧਿਰ ਉੱਤੇ ਵੱਡੀ ਜ਼ਿੰਮੇਵਾਰੀ

ਭਾਰਤ ਜਨਤਾ ਪਾਰਟੀ ਦੀ ਸਰਕਾਰ ਡਿੱਗਣ ਨਾਲ ਭਾਰਤ ਦੇ ਲੋਕਾਂ ਨੂੰ ਵਿਸ਼ੇਸ਼ ਕਰਕੇ ਮੁਸਲਮਾਨ ਘੱਟ ਗਿਣਤੀ ਨੂੰ ਆਰਜ਼ੀ ਤੌਰ 'ਤੇ ਰਾਹਤ ਮਿਲੀ ਹੈ। ਇਸਦੇ ਨਾਲ ਹੀ ਖੱਬੀ ਧਿਰ ਦੀ ਜ਼ਿੰਮੇਵਾਰੀ ਬਹੁਤ ਵਧੀ ਹੈ। ਦੇਵਗੌੜਾ ਦੀ ਅਗਵਾਈ ਵਿਚ ਜਿਹੜੀ ਨਵੀਂ ਸਰਕਾਰ ਬਣੀ ਹੈ, ਉਹ ਬੁਨਿਆਦੀ ਤੌਰ 'ਤੇ ਇਕ ਬੁਰਜੂਆ, ਸਰਮਾਏਦਾਰੀ, ਵਿਚਾਰਧਾਰਾ ਦੀ ਸਰਕਾਰ ਹੈ। ਇਹ ਦੀਆਂ ਨੀਤੀਆਂ ਵਿਚ ਕਿਧਰੇ ਵੀ ਕੋਈ ਇਨਕਲਾਬੀ ਤੱਤ ਆਉਣ ਦੀ ਉਮੀਦ ਨਹੀਂ। ਇਹਦੀਆਂ ਬਹੁਤ ਸਾਰੀਆਂ ਨੀਤੀਆਂ ਪਿਛਲੀ ਕਾਂਗਰਸ ਸਰਕਾਰ ਵਾਲੀਆਂ ਹੀ ਹੋਣਗੀਆਂ। ਭਾਵੇਂ ਇਕ ਫ਼ਰਕ ਦੀ ਉਮੀਦ ਕੀਤੀ ਜਾ ਸਕਦੀ ਹੈ ਕਿ ਮੰਤਰੀਆਂ, ਅਫਸਰਸ਼ਾਹੀ ਅਤੇ ਪੁਲਸ ਦੀ ਮਿਲੀ ਭੁਗਤ ਨਾਲ ਜੋ ਧਾਂਦਲਾ ਪਹਿਲੀ ਸਰਕਾਰ ਵੇਲੇ ਸੀ, ਉਹ ਹੁਣ ਨਾ ਹੋਵੇ, ...ਟਾਂ ਦੀ ਦਖਲ ਅੰਦਾਜ਼ੀ ਕਰਕੇ ਪੁਲਸ ਜ਼ਿਆਦਤੀਆਂ ਵਿਚ ਥੋੜ੍ਹੀ ... ਠੱਲ ਪੈਣ ਦੀ ਉਮੀਦ ਕੀ... ...ਾ ਸਕਦੀ ਹੈ।

ਇਕ ਫਿਰਕੂ ਜ਼ਹਿਨੀਅਤ ਦੀ ਸਰਕਾਰ ਨੂੰ ਡੇਗਣ ਲਈ ਭਾਵੇਂ ਇਹ ਜ਼ਰੂਰੀ ਹੋ ਗਿਆ ਸੀ ਕਿ ਖੱਬਾ ਧਿਰ ਇਸ ਸਰਕਾਰ ਨੂੰ ਸਹਿਯੋਗ ਦੇਵੇ ਪਰ ਇਹ ਸਹਿਯੋਗ ਦੇਂਦਿਆਂ-ਦੇਂਦਿਆਂ ਆਪਣੀਆਂ ਨੀਤੀਆਂ ਨੂੰ ਲੋਕਾਂ ਅੱਗੇ ਪੇਸ਼ ਕਰਨਾ ਆਪਣੇ ਆਪ ਵਿਚ ਇਕ ਚੈਲਿੰਜ ਹੈ। ਨਵੀਂ ਸਰਕਾਰ ਨੇ ਇਹ ਵਚਨਬੱਧੀ ਐਲਾਨੀ ਹੈ ਕਿ ਉਹ ਗਰੀਬੀ, ਬੇਰੁਜ਼ਗਾਰੀ ਅਤੇ ਵਿਸ਼ਾਲ ਪੇਂਡੂ ਖੇਤਰ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਨੂੰ ਪਹਿਲ ਦੇਵੇਗਾ, ਪਰ ਇਹ ਸਰਕਾਰ ਸਭ ਕੁਝ ਕਿਸ ਤਰ੍ਹਾਂ ਕਰੇਗੀ ਉਹਦੇ ਬਾਰੇ ਬੜੇ ਭਾਰੀ ਕਿੰਤੂ ਹਨ। ਖੱਬੀ ਧਿਰ ਭਾਵੇਂ ਸਰਕਾਰ ਨੂੰ ਕੰਮ ਕਰਨ ਦੇਵੇ ਪਰ ਆਪਣਾ ਪੱਖ ਵੀ ਸਪਸ਼ਟ ਲੋਕਾਂ ਅੱਗੇ ਪੇਸ਼ ਕਰੇ ਕਿ ਸਿਸਟਮ ਵਿਚ ਬੁਨਿਆਦੀ ਤਬਦੀਲੀਆਂ ਕੀਤੇ ਬਗੈਰ ਇਸ ਮਸਲੇ ਦਾ ਹੱਲ ਨਹੀਂ ਹੋ ਸਕਣ ਲੱਗੇ। ਆਪਣਾ ਪੱਖ ਪੇਸ਼ ਕਰਨ ਲਈ ਪੁਲੀਟੀਕਲ ਜਲਸੇ, ਕਾਨਫਰੰਸਾਂ ਅਤੇ ਰੈਲੀਆਂ ਦੀ ਜਿਥੇ ਲੋੜ ਹੈ, ਉਥੇ ਪੈਂਫਲਿਟਸਿ ਨੂੰ ਇਕ ਹਥਿਆਰ ਵਜੋਂ ਵਰਤਿਆ ਜਾਏ। ਬੜੀ ਸੌਖੀ ਪਰ ਸਪਸ਼ਟ ਬੋਲ ਵਿਚ ਦੱਸਿਆ ਜਾਏ ਕਿ ਮੌਜੂਦਾ ਹਾਲਤਾਂ ਵਿਚ ਭਾਰਤੀ ਜਨਤਾ ਪਾਰਟੀ ਵਰਗੀ ਫਿਰਕੂ ਸੋਚ ਵਾਲੀ ਪਾਰਟੀ ਨੂੰ ਤਾਕਤ ਵਿਚ ਆਉਣ ਤੋਂ ਰੋਕਣਾ ਜਿਥੇ ਜ਼ਰੂਰੀ ਸੀ, ਉੱਥੇ ਇਹ ਜ਼ਰੂਰੀ ਨਹੀਂ ਕਿ ਇਸ ਸਰਕਾਰ ਕੋਲੋਂ ਇਹ ਆਸ ਰੱਖੀ ਜਾਏ ਕਿ ਉਹ ਇਹਨਾਂ ਨੂੰ ਸਮਾਜਕ ਨਿਆਂ ਦੇ ਸਕੇਗੀ। ਇਹਦੇ ਲਈ ਲੋਕ ਸੰਘਰਸ਼ ਇਕ ਤੇ ਇਕੋ ਰਾਹ ਹੈ ਅਤੇ ਖੱਬੀ ਧਿਰ ਉਹ ਰਾਹ ਅਪਣਾਏਗੀ। ਪ੍ਰਚਾਰ ਲਈ ਅਤੇ ਲੋਕ ਚੇਤਨਾ ਨੂੰ ਪਰਚੰਡ ਕਰਨ ਲਈ ਪੈਫਲਿਟਰਿੰਗ ਇਕ ਜਬਰਦਸਤ ਹਥਿਆਰ ਹੈ, ਰੂਸ ਦੇ ਇੰਨਕਲਾਬ ਵੇਲੇ ਗੁਪਤ ਪ੍ਰੈੱਸਾਂ ਤੇ ਪੈਂਫਲਿਟ ਛਾਪਣੇ ਅਤੇ ਫੇਰ ਉਹਨਾਂ ਨੂੰ ਲੋਕਾਂ ਵਿਚ ਲਿਜਾਣਾ ਕਮਿਊਨਿਸਟ ਪਾਰਟੀ ਦੇ ਵੱਡੇ ਕੰਮਾਂ ਵਿਚੋਂ ਇਕ ਕੰਮ ਸਨ। ਗੋਰਕੀ ਦੇ ਨਾਵਲ 'ਮਾਂ' ਵਿਚ ਇਕ ਥਾਂ ਜ਼ਿਕਰ ਆਉਂਦਾ ਹੈ ਕਿ ਕੁਝ ਵਿਸ਼ੇਸ਼ ਪੈਂਫਲਿਟ ਇਕ ਥਾਂ ਤੋਂ ਦੂਜੀ ਥਾਂ ਪਹੁਚਾਉਣੇ ਸਨ। ਪੁਲਸ ਦਾ ਕਰੜਾ ਪਹਿਲਾ ਸੀ। ਇਕ ਕਾਮਰੇਡ ਕੁੜੀ ਨੇ ਉਹ ਪੈਂਫਲਿਟ ਆਪਣੇ ਫਰਾਕਕੋਟ ਦੇ ਥੱਲ੍ਹੇ ਇਸ ਤਰ੍ਹਾਂ ਲਕੋ ਲਏ ਕਿ ਇਹ ਇਕ ਗਰਭਵਤੀ ਔਰਤ ਦਾ ਰੂਪ ਲੱਗੇ। ਉਹ ਧੀਮੀ ਚਾਲ ਚਲਦੀ ਥਾਂ-ਥਾਂ ਤੇ ਸਾਹ ਲੈਂਦੀ ਤੇ ਪਹਿਰੇ 'ਤੇ ਖਲੋਤੇ ਪੁਲਸ ਦੇ ਸਿਪਾਹੀ ਦੇ ਹੀ ਮੋਢਿਆਂ ਦਾ ਸਹਾਰਾ ਲੈਂਦੀ ਪੁਲਸ ਦਾ ਪਹਿਰਾ ਪਾਰ ਕਰ ਗਈ। ਆਪਣੀ ਮੰਜ਼ਲ 'ਤੇ ਪੁੱਜਣ ਤੋਂ ਬਾਅਦ ਉਸ ਸ਼ਾਨਾਪਤੀ ਕੁੜੀ ਨੇ ਆਖਿਆ ਸੀ ਕਿ ਉਹਦੀ ਗਰਭ ਵਿਚ ਪੈਂਫਲਿਟਾ ਦੀ ਸ਼ਕਲ ਵਿਚ ਜਿਹੜਾ ਬੱਚਾ ਹੈ, ਉਹ ਆਉਣ ਵਾਲਾ ਇੰਨਕਲਾਬ ਹੈ। ਇਹ ਸਾਫ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਲੋਕਾਂ ਵਿਚ ਹੁਣ ਬੜੀ ਵੱਡੀ ਪੱਧਰ 'ਤੇ ਪ੍ਰਚਾਰ ਮੁਹਿੰਮ ਲੈ ਕੇ ਜਾਏਗੀ ਤਾਂ ਜੋ ਅਗਲੀਆਂ ਚੋਣਾਂ ਤੋਂ ਬਾਅਦ ਉਸਨੂੰ ਘੱਟ ਗਿਣਤੀ ਵਾਲੀ ਸਰਕਾਰ ਬਣਾਉਣ ਦੀ ਸ਼ਹਿਮਤ ਨਾ ਉਠਾਉਣੀ ਪਵੇ। ਉਹ ਰਾਮ ਮੰਦਰ ਵਰਗੇ ਮੁੱਦੇ ਫੇਰ ਉਠਾਏਗੀ। ਉਹਦੇ ਵਿਚ ਉਸ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਆਰ.ਐਸ.ਐਸ. ਵਰਗੀਆਂ ਰਾਸ਼ੀ ਜਥੇਬੰਦੀਆਂ ਦੀ ਸਹਾਇਤਾ ਵੀ ਹੋਵੇਗੀ। ਖੱਬੀਆਂ ਪਾਰਟੀਆਂ ਦੇ ਪਾਰਲੀਮਾਨੀ ਵਿੰਗ ਦਿੱਲੀ ਵਿਚ ਬੈਠੇ। ਹਾਲਾਤ ਅਨੁਸਾਰ ਸਿਆਸਤ ਪਏ ਚਲਾਉਣ ਪਰ ਵਿਸ਼ਾਲ ਪੱਧਰ 'ਤੇ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਪਰਚਾਰ, ਪਰਚਾਰ ਅਤੇ ਬਹੁਤ-ਬਹੁਤ ਅਚਾਰ ਦਾ ਅਹਿਮ ਪ੍ਰੋਗਰਾਮ ਅਪਣਾਉਣ। ਟਰੇਡ ਯੂਨੀਅਨਾਂ, ਕਿਸਾਨ ਸਭਾਵਾਂ, ਖੇਤ ਮਜ਼ਦੂਰ ਯੂਨੀਅਨਾਂ ਦਾ ਇਕ ਕੰਮ ਭਾਵੇਂ ਵੱਖ-ਵੱਖ ਵਰਗਾਂ ਦੀਆਂ ਮੰਗਾਂ ਉਭਾਰਨਾ ਹੋਵੇ ਪਰ ਨਾਲ ਹੀ ਇਹ ਮੁੱਦਾ ਉਠਾ... ...ਾ ... ਹੋਵੇ ਕਿ ਇਕ ਸਮਾਜਕ ਨਿਆਂ ਵਾਲਾ ਸਮਾਜ ਕਿਸ ਤਰ੍ਹਾਂ ਬਣਾਇਆ ਜਾ ਸਕਦਾ ਹੈ? ਨਵੀਂ ਸਰਕਾਰ ਨੂੰ ਆਲੋਚਨਾਤਮਕ ਸਮਰਥਨ ਦੇਂਦੇ ਹੋਏ ਲੋਕਾਂ ਨੂੰ ਇਹ ਯਕੀਨ ਦਿਵਾਉਣਾ ਵੀ ਜ਼ਰੂਰੀ ਹੈ ਕਿ ਖੱਬਾ ਧਿਰ ਕੋਲ ਹੀ ਲੋਕਾਂ ਗਰੀਬ ਲੋਕਾਂ ਦੀ ਮੁਕਤੀ ਦਾ ਰਾਹ ਹੈ। ਬਜਟ ਦੀ ਵੰਡ ਵੇਲੇ ਪੇਂਡੂ ਖੇਤਰ ਅਤੇ ਗਰੀਬ ਬਸਤੀਆਂ ਦਾ ਕਿਸ ਤਰ੍ਹਾਂ ਖਿਆਲ ਰੱਖਿਆ ਜਾਏਗਾ? ਵਿੱਦਿਆ ਸਿਸਟਮ ਚਿ ਕਿਸ ਤਰ੍ਹਾਂ, ਤਬਦੀਲੀਆਂ ਕੀਤੀਆਂ ਜਾਣਗੀਆਂ ਕਿ ਹਰ ਇਕ ਨੂੰ ਅੱਗੇ ਵੱਧਣ ਦੇ ਬਰਾਬਰ ਦੇ ਮੌਕੇ ਮਿਲਣ? ਇਹ ਸਭ ਕੁਝ ਸੌਖੇ ਅਤੇ ਸਾਫ ਤਰੀਕੇ ਨਾਲ ਲੋਕਾਂ ਨੂੰ ਦੱਸਣਾ ਹੁਣ ਖੱਬੀ ਧਿਰ ਦੀ ਜ਼ਿੰਮੇਵਾਰੀ ਹੈ।

**ਇਕ ਫਿਰਕੂ ਜ਼ਹਿਨੀਅਤ ਦੀ ਸਰਕਾਰ ਨੂੰ ਡੇਗਣ ਲਈ ਭਾਵੇਂ ਇਹ ਜ਼ਰੂਰੀ ਹੋ ਗਿਆ ਸੀ ਕਿ ਖੱਬਾ ਧਿਰ ਇਸ ਸਰਕਾਰ ਨੂੰ ਸਹਿਯੋਗ ਦੇਵੇ ਪਰ ਇਹ ਸਹਿਯੋਗ ਦੇਂਦਿਆਂ-ਦੇਂਦਿਆਂ ਆਪਣੀਆਂ ਨੀਤੀਆਂ ਨੂੰ ਲੋਕਾਂ ਅੱਗੇ ਪੇਸ਼ ਕਰਨਾ ਆਪਣੇ ਆਪ ਵਿਚ ਇਕ ਚੈਲਿੰਜ ਹੈ। ਨਵੀਂ ਸਰਕਾਰ ਨੇ ਇਹ ਵਚਨਬੱਧੀ ਐਲਾਨੀ ਹੈ ਕਿ ਉਹ ਗਰੀਬੀ, ਬੇਰੁਜ਼ਗਾਰੀ ਅਤੇ ਵਿਸ਼ਾਲ ਪੇਂਡੂ ਖੇਤਰ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਨੂੰ ਪਹਿਲ ਦੇਵੇਗਾ, ਪਰ ਇਹ ਸਰਕਾਰ ਸਭ ਕੁਝ ਕਿਸ ਤਰ੍ਹਾਂ ਕਰੇਗੀ ਉਹਦੇ ਬਾਰੇ ਬੜੇ ਭਾਰੀ ਕਿੰਤੂ ਹਨ। ਖੱਬੀ ਧਿਰ ਭਾਵੇਂ ਸਰਕਾਰ ਨੂੰ ਕੰਮ ਕਰਨ ਦੇਵੇ ਪਰ ਆਪਣਾ ਪੱਖ ਵੀ ਸਪਸ਼ਟ ਲੋਕਾਂ ਅੱਗੇ ਪੇਸ਼ ਕਰੇ ਕਿ ਸਿਸਟਮ ਵਿਚ ਬੁਨਿਆਦੀ ਤਬਦੀਲੀਆਂ ਕੀਤੇ ਬਗੈਰ ਇਸ ਮਸਲੇ ਦਾ ਹੱਲ ਨਹੀਂ ਹੋ ਸਕਣ ਲੱਗੇ।**

1-6-1996